**Class : V** **Subject : Punjabi**

## ਲਿੰਗ ਬਦਲੋ :

| | | | |
|---|---|---|---|
| ਘੁਮਿਆਰ – ਘੁਮਿਆਰੀ | ਸਾਧ – ਸਾਧਣੀ | ਬਾਲ – ਬਾਲੜੀ | ਭਗਤ – ਭਗਤਣੀ |
| ਕਵੀ – ਕਵਿਤਰੀ | ਸ਼ਹਿਰੀ – ਸ਼ਹਿਰਨ | ਸੋਟਾ – ਸੋਟੀ | ਜਵਾਈ – ਧੀ |
| ਗੱਭਰੂ – ਮੁਟਿਆਰ | ਬਾਪੂ – ਬੇਬੇ | ਮਾਸਟਰ – ਮਾਸਟਰਾਣੀ | ਮਛੇਰਾ – ਮਛੇਰਨ |
| ਦਰਜ਼ੀ – ਦਰਜ਼ਨ | ਧੋਬੀ – ਧੋਬਣ | ਮਾਲੀ – ਮਾਲਣ | ਝੋਟਾ – ਮੱਝ |

## ਵਚਨ ਬਦਲੋ

| | | | |
|---|---|---|---|
| ਮੋਤੀ – ਮੋਤੀਆਂ | ਸੰਤਰਾ – ਸੰਤਰੇ | ਪੰਛੀ – ਪੰਛੀਆਂ | ਆਲੂ – ਆਲੂਆਂ |
| ਕਵੀ – ਕਵੀਆਂ | ਪੁਸਤਕ – ਪੁਸਤਕਾਂ | ਸੜਕ – ਸੜਕਾਂ | ਧੀ – ਧੀਆਂ |
| ਚਾਬੀ – ਚਾਬੀਆਂ | ਪਤੀਲਾ – ਪਤੀਲੇ | ਮੁੰਡਾ – ਮੁੰਡੇ | ਬਾਰੀ – ਬਾਰੀਆਂ |
| ਵਪਾਰੀ – ਵਪਾਰੀਆਂ | ਸਭਾ – ਸਭਾਵਾਂ | ਬੂੰਦ – ਬੂੰਦਾਂ | ਛੱਤਰੀ – ਛੱਤਰੀਆਂ |
| ਗਊ – ਗਊਆਂ | ਜੂੰ – ਜੂੰਆਂ | ਕੋਠੀ – ਕੋਠੀਆਂ | ਵਸਤੂ – ਵਸਤੂਆਂ |

## ਵਿਰੋਧੀ ਸ਼ਬਦ :

| | | | |
|---|---|---|---|
| ਹਾਰ – ਜਿੱਤ | ਰਾਜਾ – ਰੰਕ | ਹੌਲਾ – ਭਾਰਾ | ਆਮਦਨ – ਖ਼ਰਚ |
| ਸੁਸਤ – ਚੁਸਤ | ਪੂਰਬ – ਪੱਛਮ | ਸ਼ਾਂਤੀ – ਅਸ਼ਾਂਤੀ | ਸੁਖੀ – ਦੁਖੀ |
| ਦਾਤਾ – ਮੰਗਤਾ | ਗੂੜ੍ਹਾ – ਫਿੱਕਾ | ਸੰਘਣਾ – ਪਤਲਾ | ਘਰੇਲੂ – ਬਜ਼ਾਰੀ |
| ਚੋਰ – ਸਾਧ | ਦਲੇਰ – ਡਰਪੋਕ | ਆਦਰ – ਨਿਰਾਦਰ | ਖੁੰਢਾ – ਤਿੱਖਾ |

## ਸਮਾਨਾਰਥਕ ਸ਼ਬਦ :

| | | |
|---|---|---|
| ਹੁਕਮ – ਆਦੇਸ਼, ਫ਼ਰਮਾਨ | ਸਰੀਰ – ਤਨ , ਦੇਹ | ਹੁਸ਼ਿਆਰ – ਚਲਾਕ, ਤੇਜ਼ |
| ਖੋਟ – ਮਿਲਾਵਟ, ਨੁਕਸ | ਖ਼ਰਾਬ – ਗੰਦਾ, ਭੈੜਾ | ਸੰਸਾਰ – ਜਗਤ, ਦੁਨੀਆ |
| ਉਜਾਲਾ – ਲੋਅ, ਚਾਨਣ | ਮਿੱਤਰ – ਦੋਸਤ, ਬੇਲੀ | ਖ਼ੁਸ਼ੀ– ਅਨੰਦ, ਪ੍ਰਸੰਨਤਾ |
| ਸੰਜੋਗ– ਮਿਲਾਪ, ਸੰਗਮ | ਤਰੱਕੀ – ਉੱਨਤੀ, ਵਿਕਾਸ | ਅੰਤਰ – ਫ਼ਰਕ, ਭੇਦ |

## ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ :

| | | | |
|---|---|---|---|
| ਕੁੜੀ ਦੇ ਵਿਆਹ ਤੇ ਗਾਏ ਜਾਣ ਵਾਲੇ ਗੀਤ | – ਸੁਹਾਗ | ਜਿੱਥੇ ਸਿੱਕੇ ਘੜੇ ਜਾਂਦੇ ਹੋਣ | – ਟਕਸਾਲ |
| ਕਸ਼ਮੀਰ ਦਾ ਰਹਿਣ ਵਾਲਾ | – ਕਸ਼ਮੀਰੀ | ਜਿਸਦਾ ਵੱਡੀ ਉਮਰ ਤੱਕ ਵਿਆਹ ਨਾ ਹੋਵੇ | – ਛੜਾ |
| ਜਿਹੜਾ ਮਾਸ-ਮੱਛੀ ਨਾ ਖਾਂਦਾ ਹੋਵੇ | – ਸ਼ਾਕਾਹਾਰੀ | ਜਿਹੜਾ ਕਿਸੇ ਚੀਜ਼ ਦੀ ਖੋਜ ਕਰੇ | – ਖੋਜਕਾਰ |
| ਜਿਸਦੇ ਮਾਂ-ਬਾਪ ਨਾ ਹੋਣ | – ਯਤੀਮ | ਚਿੱਤਰ ਬਣਾਉਣ ਵਾਲਾ | – ਚਿੱਤਰਕਾਰ |
| ਜੋ ਕਿਸੇ ਵੀ ਪ੍ਰਸ਼ਨ ਦਾ ਉੱਤਰ ਤੁਰੰਤ ਦੇਵੇ | – ਹਾਜ਼ਰ-ਜਵਾਬ | ਭਾਰਤ ਦਾ ਵਸਨੀਕ ਹੋਵੇ | – ਭਾਰਤੀ |

# ਮੁਹਾਵਰੇ

1. ਉਂਗਲ ਕਰਨੀ – ਦੋਸ਼ ਲਾਉਣਾ
   ਅਸਲੀਅਤ ਜਾਣੇ ਬਿਨਾਂ ਸਾਨੂੰ ਕਿਸੇ ਤੇ ਉਂਗਲ ਨਹੀਂ ਕਰਨੀ ਚਾਹੀਦੀ।

2. ਅਲਖ ਮੁਕਾਉਣੀ – ਮਾਰ ਦੇਣਾ
   ਭਾਰਤ ਦੇ ਫ਼ੌਜੀਆਂ ਨੇ ਦੁਸ਼ਮਣਾਂ ਦੀ ਅਲਖ ਮੁਕਾ ਦਿੱਤੀ।

3. ਆਈ ਚਲਾਈ ਕਰਨੀ – ਜੋ ਕਮਾਇਆ ਖਾ ਲੈਣਾ
   ਮਹਿੰਗਾਈ ਵਿੱਚ ਤਾਂ ਮਸਾਂ ਹੀ ਆਈ ਚਲਾਈ ਹੁੰਦੀ ਹੈ।

4. ਸਾਹ ਸੱਤ ਨਾ ਰਹਿਣਾ – ਕਮਜ਼ੋਰ ਹੋ ਜਾਣਾ
   ਬਿਮਾਰੀ ਤੋਂ ਬਾਅਦ ਕਮਲ ਵਿੱਚ ਸਾਹ ਸੱਤ ਹੀ ਨਹੀਂ ਰਿਹਾ।

5. ਸਿਰ ਤੇ ਹੱਥ ਰੱਖਣਾ – ਸਹਾਰਾ ਦੇਣਾ
   ਲੋੜਵੰਦਾਂ ਦੇ ਸਿਰ 'ਤੇ ਹਮੇਸ਼ਾ ਹੱਥ ਰੱਖੋ।

6. ਸਾਹੋ ਸਾਹ ਹੋਣਾ – ਬਹੁਤ ਥੱਕ ਜਾਣਾ
   ਜਸ਼ਨ ਥੋੜ੍ਹਾ ਕੰਮ ਕਰਕੇ ਹੀ ਸਾਹੋ ਸਾਹ ਹੋ ਜਾਂਦਾ ਹੈ।

7. ਹੱਥ ਮੱਲਣੇ – ਪਛਤਾਉਣਾ
   ਜੋ ਮਿਹਨਤ ਨਹੀਂ ਕਰਦੇ, ਉਹ ਹੱਥ ਮੱਲਦੇ ਰਹਿ ਜਾਂਦੇ ਹਨ।

8. ਹੱਥੀਂ ਛਾਵਾਂ ਕਰਨੀਆਂ – ਸਤਿਕਾਰ ਕਰਨਾ
   ਰਮਨ ਦੇ ਮਾਸੀ ਜੀ ਸਾਰੇ ਮਹਿਮਾਨਾਂ ਨੂੰ ਹੱਥੀਂ ਛਾਵਾਂ ਕਰਦੇ ਹਨ।

9. ਖੁੰਬ ਠੱਪਣੀ – ਬਹੁਤ ਮਾਰਨਾ
   ਪੁਲਿਸ ਮੁਜ਼ਰਮਾਂ ਦੀ ਖੁੰਬ ਠੱਪਦੀ ਹੈ।

10. ਖੇਰੂੰ – ਖੇਰੂੰ ਹੋ ਜਾਣਾ – ਵਿਛੜ ਜਾਣਾ
    ਲੜਾਈ ਦੇ ਦਿਨਾਂ ਵਿੱਚ ਅਨੇਕਾਂ ਪਰਿਵਾਰ ਖੇਰੂੰ – ਖੇਰੂੰ ਹੋ ਗਏ।

## ਵਿਰਾਮ ਚਿੰਨ੍ਹ

**ਵਿਰਾਮ ਚਿੰਨ੍ਹ ਦੀ ਪਰਿਭਾਸ਼ਾ:** ਕਿਸੇ ਨਾਲ ਗੱਲ-ਬਾਤ ਕਰਨ ਸਮੇਂ ਜਾਂ ਕੋਈ ਰਚਨਾ ਪੜ੍ਹਨ ਲੱਗਿਆ ਸਾਹ ਦੀ ਗਤੀ ਵਿੱਚ ਜੋ ਠਹਿਰਾਓ ਆਉਂਦਾ ਹੈ, ਉਸਨੂੰ ਪ੍ਰਗਟਾਉਣ ਲਈ ਵਰਤੇ ਜਾਣ ਵਾਲੇ ਚਿੰਨ੍ਹਾਂ ਨੂੰ ਵਿਸ਼ਰਾਮ ਚਿੰਨ੍ਹ ਆਖਦੇ ਹਨ।ਪੰਜਾਬੀ ਵਿੱਚ ਵਿਸ਼ਰਾਮ ਚਿੰਨ੍ਹ 13 ਹੁੰਦੇ ਹਨ।

1. **ਡੰਡੀ** (।) :- ਕਿਸੇ ਗੱਲ ਦੇ ਖ਼ਤਮ ਹੋਣ ਤੇ
   (ੳ) ਅਸੀਂ ਸਾਰੇ ਭੈਣ-ਭਰਾ ਪਾਸ ਹੋ ਗਏ।
   (ਅ) ਗਰਮੀਆਂ ਦੀਆਂ ਛੁੱਟੀਆਂ ਵਿੱਚ ਅਸੀਂ ਸ਼ਿਮਲੇ ਜਾਵਾਂਗੇ।
2. **ਪ੍ਰਸ਼ਨ ਚਿੰਨ੍ਹ** (?):- ਪ੍ਰਸ਼ਨ ਪੁੱਛਿਆ ਜਾਵੇ।
   (ੳ) ਅੱਜ ਕੱਲ੍ਹ ਤੁਸੀਂ ਕੀ ਕਰਦੇ ਹੋ?
   (ਅ) ਤੇਰਾ ਭਰਾ ਕਿੱਥੇ ਰਹਿੰਦਾ ਹੈ?
3. **ਕਾਮਾ** (,):- ਵਾਕ ਵਿੱਚ ਥੋੜ੍ਹਾ ਜਿਹਾ ਠਹਿਰਾਓ ਆਉਣ ਤੇ
   (ੳ) ਜੰਗਲ ਵਿੱਚ ਭੇਡਾਂ, ਬੱਕਰੀਆਂ, ਮੱਝਾਂ ਤੇ ਗਾਵਾਂ ਚਰ ਰਹੀਆਂ ਹਨ।
   (ਅ) ਇਹ ਗੱਲ ਸੱਚੀ ਹੈ, ਬਾਬਾ ਨਾਨਕ ਨੇ ਸਾਰੀ ਦੁਨੀਆ ਨੂੰ ਤਾਰ ਦਿੱਤਾ।
4. **ਪੁੱਠੇ ਕਾਮੇ** (" "):- **ਕਿਸੇ ਦੀ ਆਖੀ ਗੱਲ ਨੂੰ ਉਸੇ ਤਰ੍ਹਾਂ ਕਹਿਣਾ**
   (ੳ) "ਸਦਾ ਸੱਚ ਬੋਲੋ" ਪਿਤਾ ਜੀ ਨੇ ਕਿਹਾ।
   (ਅ) "ਮੇਰਾ ਸਿਰ ਦੁੱਖਦਾ ਹੈ" ਅਨੀਤਾ ਨੇ ਕਿਹਾ।
5. **ਵਿਸਮਿਕ ਚਿੰਨ੍ਹ** (!) :- **ਖ਼ੁਸ਼ੀ, ਗ਼ਮੀ, ਹੈਰਾਨੀ ਲਈ**
   (ੳ) ਆਹਾ! ਅੱਜ ਮੇਰਾ ਵੀਰ ਆਵੇਗਾ।
   (ਅ) ਹਾਏ! ਵਿਚਾਰਾ ਸ਼ਾਮ ਫ਼ੇਲ੍ਹ ਹੋ ਗਿਆ।

## ਵਿਰਾਮ ਚਿੰਨ੍ਹ (**Activity**)

### 1. ਠੀਕ ਉੱਤਰ ਦੇ ਸਾਹਮਣੇ (√) ਦਾ ਨਿਸ਼ਾਨ ਲਗਾਓ:

(ੳ) ਹੇਠ ਲਿਖਿਆਂ ਵਿੱਚੋਂ 'ਵਿਸਮਿਕ' ਦਾ ਚਿੰਨ੍ਹ ਕਿਹੜਾ ਹੈ ?

? ☐   ! ☐   । ☐   , ☐

(ਅ) ਹੇਠ ਲਿਖਿਆਂ ਵਿੱਚੋਂ ' ਪ੍ਰਸ਼ਨ ਚਿੰਨ੍ਹ' ਦੀ ਵਰਤੋਂ ਕਿੱਥੇ ਹੋਈ ਹੈ।

ਮੈਂ ਰੋਟੀ ਖਾਧੀ। ☐

ਕੀ ਪਿਤਾ ਜੀ ਆ ਗਏ ਹਨ? ☐

ਨਹੀਂ, ਮੈਂ ਨਹੀਂ ਜਾਣਾ। ☐

ਆਹ ! ਫੁੱਲ ਸੋਹਣਾ ਹੈ। ☐

(ੲ) ਹੇਠ ਲਿਖਿਆਂ ਵਿੱਚੋਂ ਪੁੱਠੇ ਕਾਮਾ ਦਾ ਚਿੰਨ੍ਹ ਕਿਹੜਾ ਹੈ?

; ☐   :- ☐   " " ☐   , ☐

**2. ਖ਼ਾਲੀ ਥਾਵਾਂ ਭਰੋ:**

| ਵਿਸਮਿਕ, ਕਾਮਾ, ਪੁੱਠੇ ਕਾਮੇ |
|---|

(ੳ) ____________ ਦਾ ਚਿੰਨ੍ਹ ' ,' ਹੈ।

(ਅ) ____________ ਦਾ ਚਿੰਨ੍ਹ " " ਹੈ।

(ੲ) ____________ ਦਾ ਚਿੰਨ੍ਹ ' ! ' ਹੈ।

### 3. ਹੇਠਾਂ ਦਿੱਤੇ ਵਾਕਾਂ ਵਿੱਚ ਠੀਕ ਵਾਕ ਅੱਗੇ (√) ਅਤੇ ਗ਼ਲਤ ਵਾਕ ਅੱਗੇ (×) ਦਾ ਨਿਸ਼ਾਨ ਲਗਾਓ:

(ੳ) ਪੂਰਨ ਠਹਿਰਾਓ ਲਈ '।' ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ☐

(ਅ) ਕਿਸੇ ਦੀ ਕਹੀ ਹੋਈ ਗੱਲ ਨੂੰ ਜਿਉਂ ਦਾ ਤਿਉਂ ਲਿਖਣ ਲਈ '!' ਚਿੰਨ੍ਹ ਲਗਾਇਆ ਜਾਂਦਾ ਹੈ । ☐

(ੲ) ਦੋ ਜਾਂ ਦੋ ਤੋਂ ਵੱਧ ਸ਼ਬਦਾਂ ਨੂੰ ਜੋੜਨ ਲਈ ਪ੍ਰਸ਼ਨ ਚਿੰਨ੍ਹ ਲਗਾਇਆ ਜਾਂਦਾ ਹੈ । ☐

## ਕਿਰਿਆ

**ਕਿਰਿਆ ਦੀ ਪਰਿਭਾਸ਼ਾ:** ਜਿਹਨਾਂ ਸ਼ਬਦਾਂ ਤੋਂ ਸਾਨੂੰ ਕਿਸੇ ਕੰਮ ਦੇ ਹੋਣ ਦਾ ਕਾਲ ਸਹਿਤ ਪਤਾ ਚੱਲੇ।ਉਸ ਨੂੰ ਕਿਰਿਆ ਆਖਦੇ ਹਨ।
ਜਿਵੇਂ - ਰਮਨ ਦੁੱਧ ਪੀਂਦਾ ਹੈ।
ਰਜਨੀ ਕੁਝ ਕਹਿੰਦੀ ਹੈ।

**ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।**

1. **ਅਕਰਮਕ ਕਿਰਿਆ:-** ਜਿਹੜੇ ਵਾਕ ਵਿੱਚ ਕੇਵਲ ਕਰਤਾ ਹੋਵੇ ਤੇ ਕਰਮ ਨਾ ਹੋਵੇ, ਉਹ ਅਕਰਮਕ ਕਿਰਿਆ ਹੁੰਦੀ ਹੈ।
ਜਿਵੇਂ - ਮੋਹਨ ਗਾਉਂਦਾ ਹੈ।
ਧੋਬੀ ਧੋ ਰਿਹਾ ਹੈ।

2. **ਸਕਰਮਕ ਕਿਰਿਆ-** ਜਿਹੜੇ ਵਾਕ ਵਿੱਚ ਕਰਤਾ ਤੇ ਕਰਮ ਦੋਵੇਂ ਹੋਣ, ਉਹ ਸਕਰਮਕ ਕਿਰਿਆ ਹੁੰਦੀ ਹੈ।
ਜਿਵੇਂ - ਮੋਹਨ ਗੀਤ ਗਾਉਂਦਾ ਹੈ।
ਧੋਬੀ ਕੱਪੜੇ ਧੋ ਰਿਹਾ ਹੈ।

## ਕਿਰਿਆ (**Activity**)

### 1. ਠੀਕ ਉੱਤਰ ਦੇ ਸਾਹਮਣੇ (√) ਦਾ ਨਿਸ਼ਾਨ ਲਗਾਉ:

(ੳ) ਕਿਰਿਆ ਕਿੰਨੇ ਪ੍ਰਕਾਰ ਦੀ ਹੁੰਦੀ ਹੈ?

ਦੋ ☐   ਚਾਰ ☐   ਪੰਜ ☐   ਤਿੰਨ ☐


(ਅ) ਜਿਸ ਵਾਕ ਵਿੱਚ ਕਰਤਾ ਹੋਵੇ ਪਰ ਕਰਮ ਨਾ ਹੋਵੇ, ਉਸ ਦੀ ਕਿਰਿਆ ਨੂੰ ਕੀ ਕਹਿੰਦੇ ਹਨ?

ਅਕਰਮਕ ਕਿਰਿਆ ☐   ਕਿਰਿਆ ਵਿਸ਼ੇਸ਼ਣ ☐   ਸਕਰਮਕ ਕਿਰਿਆ ☐   ਦੁਕਰਮਕ ਕਿਰਿਆ ☐

(ੲ) ਜਿਸ ਵਾਕ ਵਿੱਚ ਕਰਤਾ ਅਤੇ ਕਰਮ ਦੋਵੇਂ ਹੋਣ ਉਸ ਦੀ ਕਿਰਿਆ ਨੂੰ ਕੀ ਕਹਿੰਦੇ ਹਨ?

ਯੋਜਕ   ਸਕਰਮਕ ਕਿਰਿਆ   ਅਕਰਮਕ ਕਿਰਿਆ   ਸੰਬੰਧਕ

2. ਨਾਂ ਲਿਖਕੇ, ਕੰਮ ਲਿਖੋ:

| | | ਨਾਂ | ਕੰਮ |
|---|---|---|---|
|  | ਆਰਤੀ ਨੱਚ ਰਹੀ ਹੈ । | ________ | ________ |
|  | ਗਾਂ ਚਰ ਰਹੀ ਹੈ । | ________ | ________ |
|  | ਸੂਰਜ ਡੁੱਬ ਰਿਹਾ ਹੈ । | ________ | ________ |

3. ਹੇਠਾ ਦਿੱਤੇ ਵਾਕਾਂ ਵਿੱਚ ਸਹੀ ਅੱਗੇ(√) ਅਤੇ ਗ਼ਲਤ ਵਾਕ ਅੱਗੇ (×) ਦਾ ਨਿਸ਼ਾਨ ਲਗਾਉ:

(ੳ) ਜਿਹਨਾਂ ਸ਼ਬਦਾਂ ਤੋਂ ਕਿਸੇ ਕੰਮ ਦੇ ਹੋਣ ਦਾ ਕਾਲ ਸਹਿਤ ਪਤਾ ਲੱਗੇ , ਉਸ ਨੂੰ ਕਿਰਿਆ ਕਹਿੰਦੇ ਹਨ। ☐

(ਅ) ਕਿਰਿਆ ਚਾਰ ਪ੍ਰਕਾਰ ਦੀ ਹੁੰਦੀ ਹੈ । ☐

(ੲ) ਹੱਸਣਾ , ਪੀਣਾ, ਭੌਂਕਣਾ ਖਾਣਾ ਆਦਿ ਕਿਰਿਆਵਾਂ ਹਨ। ☐

## ਪਾਠ - 9 : ਸ਼ਹੀਦੀ ਗੁਰਪੁਰਬ

### ਨਵੇਂ ਸ਼ਬਦ :

| | | | | |
|---|---|---|---|---|
| 1. ਛਬੀਲਾਂ | 2. ਅਰਾਮ | 3. ਸਿਰਤਾਜ | 4. ਸ਼ਰਧਾਲੂ | 5. ਗੁਰਪੁਰਬ |
| 6. ਜ਼ਾਲਮਾਂ | 7. ਕਹਾਣੀ | 8. ਇਨਕਾਰ | 9. ਪਵਿੱਤਰ | 10. ਹੋਣਹਾਰ |
| 11. ਰਾਹੀਆਂ | 12. ਸ਼ਹੀਦਾਂ | 13. ਸ਼ਖ਼ਸੀਅਤ | 14. ਵਿਦਵਤਾ | 15. ਨਿਰਮਾਣ |

### ਸ਼ਬਦ - ਅਰਥ

| | | |
|---|---|---|
| 1. ਖ਼ਿਲਾਫ਼ = ਵਿਰੁੱਧ | 2. ਵਾਰਸ = ਮਾਲਕ | 3. ਮਾਲਕ = ਪਰਮਾਤਮਾ |
| 4. ਰਾਹੀਆਂ = ਮੁਸਾਫ਼ਰਾਂ | 5. ਪਿੰਡੇ= ਸਰੀਰ | |

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :

### ੲ) ਪ੍ਰਸ਼ਨ - ਉੱਤਰ :

**ਪ੍ਰ1. ਗੁਰੂ ਜੀ ਦਾ ਸ਼ਹੀਦੀ ਗੁਰਪੁਰਬ ਕਿਹੋ ਜਿਹੇ ਮੌਸਮ ਵਿੱਚ ਆਉਂਦਾ ਹੈ?**
ਉ. ਗੁਰੂ ਜੀ ਦਾ ਸ਼ਹੀਦੀ ਗੁਰਪੁਰਬ ਜੂਨ ਦੀ ਅੱਗ ਵਰਾਉਂਦੀ ਗਰਮੀ ਵਿੱਚ ਆਉਂਦਾ ਹੈ ।

**ਪ੍ਰ2. ਗੁਰੂ ਜੀ ਨੇ ਪ੍ਰਾਣ ਤਿਆਗਣ ਵੇਲੇ ਕਿਹੜੇ ਸ਼ਬਦ ਬੋਲੇ?**
ਉ. ਗੁਰੂ ਜੀ ਨੇ ਪ੍ਰਾਣ ਤਿਆਗਣ ਵੇਲੇ ਕਿਹਾ “ਤੇਰਾ ਕੀਆ ਮੀਠਾ ਲਾਗੇ”।

**ਪ੍ਰ3. ਗੁਰੂ ਅਮਰਦਾਸ ਜੀ ਗੁਰੂ ਜੀ ਦੇ ਕੀ ਲੱਗਦੇ ਸਨ?**
ਉ: ਗੁਰੂ ਅਮਰਦਾਸ ਜੀ ਗੁਰੂ ਜੀ ਦੇ ਨਾਨਾ ਸਨ।

**ਪ੍ਰ4. ਪ੍ਰਿਥੀ ਚੰਦ ਕੌਣ ਸੀ ਤੇ ਉਹ ਆਪਣੇ-ਆਪ ਨੂੰ ਕੀ ਸਮਝਦਾ ਸੀ?**
ਉ: ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ ਤੇ ਉਹ ਆਪਣੇ-ਆਪ ਨੂੰ ਗੁਰ-ਗੱਦੀ ਦਾ ਵਾਰਸ ਸਮਝਦਾ ਸੀ।

### ਸ) ਪ੍ਰਸ਼ਨ - ਉੱਤਰ :

**ਪ੍ਰ1. ਸ਼ਹਿਰ ਵਿੱਚ ਕੀ ਮਨਾਇਆ ਜਾ ਰਿਹਾ ਸੀ ਤੇ ਸੰਗਤਾਂ ਕੀ ਕਰਕੇ ਦਿਨ ਮਨਾ ਰਹੀਆਂ ਸਨ?**
ਉ: ਸ਼ਹਿਰ ਵਿੱਚ ਸ਼ਹੀਦੀ ਗੁਰਪੁਰਬ ਮਨਾਇਆ ਜਾ ਰਿਹਾ ਸੀ ਤੇ ਸੰਗਤਾਂ ਛਬੀਲਾਂ ਲਗਾ ਕੇ ਇਹ ਦਿਨ ਮਨਾ ਰਹੀਆਂ ਸਨ।

ਪ੍ਰ:2 ਗੁਰੂ ਜੀ ਨੂੰ ਸ਼ਹੀਦ ਕਿਵੇਂ ਕੀਤਾ ਗਿਆ?
ਉ: ਗੁਰੂ ਜੀ ਨੂੰ ਤੱਤੀ ਤਵੀ ਉੱਪਰ ਬਿਠਾ ਕੇ, ਪਿੰਡੇ ਤੇ ਗਰਮ-ਗਰਮ ਰੇਤ ਪਾ ਕੇ ਸ਼ਹੀਦ ਕੀਤਾ ਗਿਆ।

ਪ੍ਰ3 ਗੁਰੂ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਦੱਸੋ।
ਉ: ਗੁਰੂ ਜੀ ਦਾ ਜਨਮ 1563 ਈ: ਵਿੱਚ ਗੋਇੰਦਵਾਲ ਵਿਖੇ ਹੋਇਆ। ਉਹਨਾਂ ਦੀ ਮਾਤਾ ਬੀਬੀ ਭਾਨੀ ਤੇ ਪਿਤਾ ਗੁਰੂ ਰਾਮਦਾਸ ਜੀ ਸਨ।

ਪ੍ਰ4. ਪ੍ਰਿਥੀ ਚੰਦ ਗੁਰੂ ਜੀ ਦਾ ਦੁਸ਼ਮਣ ਕਿਉਂ ਬਣ ਬੈਠਾ ਸੀ?
ਉ: ਪ੍ਰਿਥੀ ਚੰਦ ਵਾਰਸ ਨਾ ਬਣਨ ਕਰਕੇ ਗੁਰੂ ਜੀ ਦਾ ਦੁਸ਼ਮਣ ਬਣ ਗਿਆ ਸੀ।

**ਅਭਿਆਸ : (ਪੰਨਾ ਨੰ. : 62-64)**
**ਅ. ਬਹੁ-ਵਿਕਲਪੀ ਪ੍ਰਸ਼ਨ** :(1) ਛਬੀਲਾਂ (2) ਸ਼ਹੀਦੀ ਗੁਰਪੁਰਬ (3) ਗੋਇੰਦਵਾਲ ਵਿਖੇ (4) ਹੋਣਹਾਰ (5) ਜਹਾਂਗੀਰ ਦਾ

**ਹ. ਸਹੀ / ਗ਼ਲਤ ਦਾ ਨਿਸ਼ਾਨ ਲਗਾਉ :** ੳ) ✓ ਅ) ✓ ੲ) ✓ ਸ) ✗ ਹ) ✗

**ਵਿਆਕਰਨ:**

**ੳ. ਖ਼ਾਲੀ ਥਾਵਾਂ ਭਰੋ:** (1) ਮੈਂ (2) ਤੁਹਾਡਾ (3) ਕਈ (4) ਅਸੀਂ

**ਅ. ਖ਼ਾਲੀ ਥਾਵਾਂ ਵਿੱਚ ਢੁੱਕਵੇ ਪੜਨਾਂਵ ਭਰੋ:**(1) ਤੁਸੀਂ (2) ਇਹ (3) ਵੈਸੀ (4) ਸਭ (5)ਅਸੀਂ

**ਤੁਹਾਡੀ ਕਲਮ ਤੋਂ** : ਆਪਣੇ - ਆਪ ਕਰੋ।

## ਪਾਠ - 11 : ਪੰਛੀ ਸਾਡੇ ਮਿੱਤਰ

### ਨਵੇਂ ਸ਼ਬਦ :

| | | | | |
|---|---|---|---|---|
| 1. ਝੁੰਜਲਾ | 2. ਪੰਕਤੀਆਂ | 3. ਵੰਨ-ਸੁਵੰਨੇ | 4. ਰੰਗਦਾਰ | 5. ਕੁਦਰਤ |
| 6. ਸੁੰਦਰਤਾ | 7. ਪਿੰਜਰੇ | 8. ਬੁਰਕੀ | 9. ਬੋਤਲ | 10. ਕਿਤਾਬ |
| 11. ਡਿੱਗਦਾ | 12. ਚਿੱਤਰ | 13. ਗੁਟਾਰ | 14. ਜ਼ਖ਼ਮ | 15. ਬਨੇਰੇ |

### ਸ਼ਬਦ - ਅਰਥ

| | | |
|---|---|---|
| 1. ਬੋਟ = ਬੱਚੇ | 2. ਸਤਾਉਣਾ = ਤੰਗ ਕਰਨਾ | 3. ਪੰਕਤੀਆਂ = ਲਾਈਨਾਂ |
| 4. ਕੁਰਲਾਉਂਦੇ = ਰੋਂਦੇ | 5. ਖਿੰਡਾਏ = ਖਿਲਾਰੇ | |

### ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :

### ੲ) ਪ੍ਰਸ਼ਨ - ਉੱਤਰ :

ਪ੍ਰ1. ਪਾਰਸ ਪੜ੍ਹਨ ਵਿੱਚ ਕਿਹੋ ਜਿਹਾ ਸੀ।
ਉ. ਪਾਰਸ ਪੜ੍ਹਨ ਵਿੱਚ ਚੰਗਾ ਸੀ।

ਪ੍ਰ2. ਪਾਰਸ ਨੇ ਕਿਤਾਬ ਵਿੱਚ ਕੀ ਪੜ੍ਹਿਆ?
ਉ. ਪਾਰਸ ਨੇ ਕਿਤਾਬ ਵਿੱਚ ਪੜ੍ਹਿਆ ਕਿ ਪੰਛੀ ਸਾਡੇ ਮਿੱਤਰ ਹਨ।

ਪ੍ਰ3. ਕਬੂਤਰ ਨੇ ਪਾਰਸ ਨੂੰ ਕੀ ਕਿਹਾ?
ਉ. ਕਬੂਤਰ ਨੇ ਪਾਰਸ ਨੂੰ ਕਿਹਾ ਕਿ ਅਸੀਂ ਤੇਰੇ ਮਿੱਤਰ ਨਹੀਂ ਹਾਂ।

ਪ੍ਰ4. ਗੁਟਾਰ ਨੂੰ ਪਾਰਸ ਨੇ ਕਾਹਦੇ ਨਾਲ਼ ਜ਼ਖ਼ਮੀ ਕੀਤਾ ਸੀ?
ਉ. ਗੁਟਾਰ ਨੂੰ ਪਾਰਸ ਨੇ ਚਾਈਨਾਂ ਡੋਰ ਨਾਲ ਜ਼ਖ਼ਮੀ ਕੀਤਾ ਸੀ।

ਪ੍ਰ5. ਤੋਤੇ ਨੂੰ ਪਿੰਜਰੇ 'ਚੋਂ ਕਿਸ ਨੇ ਅਜ਼ਾਦ ਕਰਵਾਇਆ ਸੀ?
ਉ. ਤੋਤੇ ਨੂੰ ਪਿੰਜਰੇ 'ਚੋਂ ਦਾਦਾ ਜੀ ਨੇ ਅਜ਼ਾਦ ਕਰਵਾਇਆ ਸੀ।

## ਸ) ਪ੍ਰਸ਼ਨ – ਉੱਤਰ :

ਪ੍ਰ1. ਪਾਰਸ ਕਿਹੋ ਜਿਹਾ ਸੀ ਤੇ ਪੰਛੀਆਂ ਨੂੰ ਕਿਵੇਂ ਤੰਗ ਕਰਦਾ ਸੀ?
ਉ. ਪਾਰਸ ਸ਼ਰਾਰਤੀ ਸੀ ਤੇ ਉਹ ਪੰਛੀਆਂ ਦੇ ਪੈਰਾਂ ਵਿੱਚ ਲੰਮਾ ਧਾਗਾ ਬੰਨ੍ਹ ਕੇ ਉਹਨਾਂ ਨੂੰ ਤੰਗ ਕਰਦਾ ਸੀ।

ਪ੍ਰ2. ਕਬੂਤਰ, ਚਿੜੀ, ਗੁਟਾਰ ਨੇ ਕੀ ਕਹਿ ਕੇ ਪਾਰਸ ਨੂੰ ਮਹਿਸੂਸ ਕਰਵਾਇਆ ਕਿ ਅਸੀਂ ਤੇਰੇ ਮਿੱਤਰ ਨਹੀਂ ਹਾਂ?
ਉ. ਕਬੂਤਰ, ਚਿੜੀ ਤੇ ਗੁਟਾਰ ਨੇ ਪਾਰਸ ਦੀਆਂ ਗਲਤੀਆਂ ਬਾਰੇ ਕਹਿਕੇ ਉਸ ਨੂੰ ਮਹਿਸੂਸ ਕਰਵਾਇਆ ਕਿ ਅਸੀ ਤੇਰੇ ਮਿੱਤਰ ਨਹੀਂ ਹਾਂ।

ਪ੍ਰ3. ਸਕੂਲ ਦੇ ਰਾਹ ਵਿੱਚ ਜਾਂਦਿਆਂ ਪਾਰਸ ਨੇ ਕੀ ਵੇਖਿਆ?
ਉ. ਸਕੂਲ ਦੇ ਰਾਹ ਵਿੱਚ ਜਾਂਦਿਆਂ ਪਾਰਸ ਨੇ ਪੰਛੀਆਂ ਨੂੰ ਬਿਜਲੀ ਦੀਆਂ ਤਾਰਾਂ ਤੇ ਬੈਠੇ ਵੇਖਿਆ।

ਪ੍ਰ4. ਜਦੋਂ ਪਾਰਸ ਪੜ੍ਹਨ ਲੱਗਾ ਤਾਂ ਕੀ ਹੋਇਆ?
ਉ. ਜਦੋਂ ਪਾਰਸ ਪੜ੍ਹਨ ਲੱਗਾ ਤਾਂ ਬਹੁਤ ਸਾਰੇ ਪੰਛੀ ਉਸ ਕੋਲ ਆ ਕੇ ਬਹਿ ਗਏ।

ਪ੍ਰ5. ਪਾਰਸ ਨੂੰ ਪੰਛੀਆਂ ਬਾਰੇ ਕੀ ਮਹਿਸੂਸ ਹੋਇਆ?
ਉ. ਪਾਰਸ ਨੂੰ ਮਹਿਸੂਸ ਹੋਇਆ ਕਿ ਪੰਛੀ ਉਸ ਨੂੰ ਮਹਿਸੂਸ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹੋਣ ਕਿ ਅਸੀਂ ਤੇਰੇ ਮਿੱਤਰ ਹਾਂ।

## ਅਭਿਆਸ : (ਪੰਨਾ ਨੰ. : 75-78)

**ਅ. ਬਹੁ-ਵਿਕਲਪੀ ਪ੍ਰਸ਼ਨ** :1) ਸ਼ਰਾਰਤੀ 2) ਪੰਛੀ ਸਾਡੇ ਮਿੱਤਰ 3) ਪਿੰਜਰੇ ਵਿੱਚ 4) ਗੁਟਰ-ਗੂੰ 5) ਕੁਦਰਤ ਦਾ

**ਹ. ਕਿਸ ਨੇ ਕਿਸ ਨੂੰ ਕਹੇ** : 1. ਕਬੂਤਰ ਨੇ, ਪਾਰਸ ਨੂੰ। 2) ਗੁਟਾਰ ਨੇ, ਪਾਰਸ ਨੂੰ। 3) ਪਾਰਸ ਨੇ, ਪੰਛੀਆਂ ਨੂੰ । 4) ਚੱਕੀਰਾਹਾ ਨੇ , ਪਾਰਸ ਨੂੰ ।

**ਸ਼ਬਦਾਂ ਨਾਲ ਖੇਡੋ** : ਆਪਣੇ ਆਪ ਕਰੋ।

## ਵਿਆਕਰਨ

ਵਾਕਾਂ ਵਿੱਚੋਂ ਵਿਸ਼ੇਸਣ ਅਤੇ ਵਿਸ਼ੇਸ਼ ਚੁਣ ਕੇ ਸਾਹਮਣੇ ਲਿਖੋ:

| | ਵਿਸ਼ੇਸ਼ਣ | ਵਿਸ਼ੇਸ਼ |
|---|---|---|
| 1. | ਕਾਲਾ | ਕੁੱਤਾ |
| 2. | ਠੰਢਾ | ਪਾਣੀ |
| 3. | ਤਾਕਤਵਾਰ | ਹਾਥੀ |
| 4. | ਚੰਗੇ | ਬੱਚੇ |
| 5. | ਲਾਲ | ਟੋਪੀ |

**ਤੁਹਾਡੀ ਕਲਮ ਤੋਂ** : ਆਪਣੇ ਆਪ ਕਰੋ।

# ਪਾਠ – 12 : ਜੀਵਨ ਦਾ ਅਧਾਰ ਪਾਣੀ

## ਨਵੇਂ ਸ਼ਬਦ :

| | | | | |
|---|---|---|---|---|
| 1. ਜੀਵਨ | 2. ਜ਼ਰੂਰਤ | 3. ਜਿਉਂਦਾ | 4. ਸਫ਼ਾਈਆਂ | 5. ਪਿਆਸ |
| 6. ਮੁਫ਼ਤ | 7. ਅਣਮੁੱਲੀਆਂ | 8. ਟਿਊਬਵੈੱਲ | 9. ਕਾਰਖ਼ਾਨਿਆਂ | 10. ਵਿਸ਼ੈਲੇ |
| 11. ਪ੍ਰਾਣੀ | 12. ਅਹਿਮ | 13. ਫ਼ਜ਼ੂਲ | 14. ਅਮੁੱਲੀ | 15. ਵਡਿਆਈ |

**ਸ਼ਬਦ - ਅਰਥ**

1. ਅਣਮੁੱਲੀਆਂ = ਬਹੁਮੁੱਲੀਆਂ   2. ਫ਼ਜ਼ੂਲ = ਵਿਅਰਥ   3. ਦਾਤਾਂ = ਬਖ਼ਸ਼ਿਸ਼ਾਂ
4. ਪਲੀਤ = ਗੰਧਲ਼ਾਂ   5. ਥੁੜ = ਘਾਟ

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :**

**ੲ) ਪ੍ਰਸ਼ਨ - ਉੱਤਰ :**

**ਪ੍ਰ1. "ਜੀਵਨ ਦਾ ਅਧਾਰ ਹੈ ਪਾਣੀ,..........। ਲਾਈਨ ਪੂਰੀ ਕਰੋ?**
ਉ. "ਜੀਵਨ ਦਾ ਅਧਾਰ ਹੈ ਪਾਣੀ, ਇਸ ਬਿਨ ਨਾ ਜੀ ਸਕੇ ਪ੍ਰਾਣੀ।"

**ਪ੍ਰ2. ਅਕਬਰ ਕਿਹੜੀ ਗੱਲ ਤੋਂ ਪਰੇਸ਼ਾਨ ਹੋ ਰਿਹਾ ਸੀ?**
ਉ. ਅਕਬਰ ਪਿਆਸ ਕਰਕੇ ਪਰੇਸ਼ਾਨ ਹੋ ਰਿਹਾ ਸੀ।

**ਪ੍ਰ3. ਡਾਕਟਰ ਮਨੁੱਖੀ ਸਰੀਰ ਵਿੱਚ ਪਾਣੀ ਬਾਰੇ ਕੀ ਦੱਸਦੇ ਹਨ?**
ਉ. ਡਾਕਟਰ ਦੱਸਦੇ ਹਨ ਕਿ ਸਾਡੇ ਸਰੀਰ ਦਾ ਵੱਡਾ ਹਿੱਸਾ ਪਾਣੀ ਹੈ।

**ਪ੍ਰ4. ਨੇਤਾ ਲੋਕ ਪਾਣੀ ਬਾਰੇ ਕੀ ਐਲਾਨ ਕਰਦੇ ਹਨ?**
ਉ ਨੇਤਾ ਲੋਕ ਐਲਾਨ ਕਰਦੇ ਹਨ ਕਿ ਸਭ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਛੇਤੀ ਕੀਤਾ ਜਾਵੇਗਾ।

**ਪ੍ਰ5. ਜੇ ਵਰਖਾ ਨਾ ਹੋਵੇ ਤਾਂ ਲੋਕ ਵਾਰ-ਵਾਰ ਕਿੱਧਰ ਨੂੰ ਵੇਖਦੇ ਹਨ?**
ਉ. ਜੇ ਵਰਖਾ ਨਾ ਹੋਵੇ ਤਾਂ ਲੋਕੀਂ ਵਾਰ-ਵਾਰ ਅਸਮਾਨ ਵੱਲ ਵੇਖਦੇ ਹਨ।

**ਸ) ਪ੍ਰਸ਼ਨ - ਉੱਤਰ :**

**ਪ੍ਰ1. ਪਾਣੀ ਘਰ ਵਿੱਚ ਸਾਡੇ ਕੀ-ਕੀ ਕੰਮ ਸੰਵਾਰਦਾ ਹੈ?**
ਉ. ਪਾਣੀ ਘਰ ਵਿੱਚ ਕੱਪੜੇ ਧੋਣ, ਸਫ਼ਾਈਆਂ ਕਰਨ ਆਦਿ ਦੇ ਕੰਮ ਆਉਂਦਾ ਹੈ।

**ਪ੍ਰ2. ਅਕਬਰ ਤੇ ਬੀਰਬਲ ਦੀ ਗੱਲ-ਬਾਤ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**
ਉ. ਅਕਬਰ ਤੇ ਬੀਰਬਲ ਪਾਣੀ ਬਾਰੇ ਗੱਲ ਕਰ ਰਹੇ ਸਨ। ਬੀਰਬਲ ਦੇ ਅਨੁਸਾਰ ਪਾਣੀ ਕੁਦਰਤ ਦਾ ਕੀਮਤੀ ਤੋਹਫ਼ਾ ਹੈ।ਉਸਨੂੰ ਫਜ਼ੂਲ ਨਹੀ ਵਹਾਉਣਾ ਚਾਹੀਦਾ ਹੈ।

**ਪ੍ਰ3. ਪਾਣੀ ਨੂੰ ਬਚਾਉਣ ਲਈ ਕੀ-ਕੀ ਸੁਝਾਅ ਦਿੱਤੇ ਗਏ ਹਨ?**
ਉ 1. ਪਾਣੀ ਦੀ ਨਜ਼ਾਇਜ ਵਰਤੋਂ ਨਾ ਕਰੋ।
2. ਕਿਸਾਨ ਉਹੀ ਫ਼ਸਲ ਬੀਜਣ ਜਿਸ ਵਿੱਚ ਘੱਟ ਤੋਂ ਘੱਟ ਪਾਣੀ ਦੀ ਲੋੜ ਹੋਵੇ।

**ਅਭਿਆਸ : (ਪੰਨਾ ਨੰ. : 82 - 85)**

**ਅ. ਬਹੁ-ਵਿਕਲਪੀ ਪ੍ਰਸ਼ਨ :** 1) ਪਿਆਸ 2) ਸਾਰਾ ਰਾਜ 3) ਮੁਫ਼ਤ 4) ਬੰਦਾ ਮਰ ਸਕਦਾ ਹੈ
5) ਕਾਰਖ਼ਾਨਿਆਂ ਦੇ ਵਿਸ਼ੈਲੇ ਪਦਾਰਥ 6) ਵਰਖਾ ਦੀ

**ਹ. ਖ਼ਾਲੀ ਥਾਵਾਂ ਭਰੋ :** 1) ਅਹਿਮ 2) ਮੁਫ਼ਤ 3) ਘਟਣੀ 4) ਮੁੱਲ 5) ਵਰਖਾ

**ਸ਼ਬਦਾਂ ਨਾਲ ਖੇਡੋ : ਆਪਣੇ ਆਪ ਕਰੋ।**
**ਤੁਹਾਡੀ ਕਲਮ ਤੋਂ : ਆਪਣੇ ਆਪ ਕਰੋ।**

## ਪਾਠ - 14 : ਇੱਕ ਇਕੱਲਾ, ਦੋ ਗਿਆਰਾਂ

**ਨਵੇਂ ਸ਼ਬਦ :**

| | | | | |
|---|---|---|---|---|
| 1. ਦੋਸਤ | 2. ਜ਼ਿਆਦਾ | 3. ਦੁਪਹਿਰ | 4. ਸਿਆਣਾ | 5. ਦਰੱਖ਼ਤ |
| 6. ਜਿੱਤਿਆ | 7. ਟਾਹਣੀਆਂ | 8. ਮੂਰਖ | 9. ਸਿਫ਼ਤ | 10. ਪ੍ਰਾਪਤ |
| 11. ਨਿਭਾਅ | 12. ਤਿੱਖੜ | 13. ਮਹਿਮਾ | 14. ਘਣੀ | 15. ਵਜੂਦ |

**ਸ਼ਬਦ - ਅਰਥ**

1. ਤਿੱਖੜ = ਤੇਜ਼ 2. ਟੱਬਰ = ਪਰਿਵਾਰ 3. ਮਹਿਮਾ = ਵਡਿਆਈ
4. ਨਿਭਾਉਣਾ = ਸਾਥ ਦੇਣਾ 5. ਝੁੰਡ = ਇਕੱਠ

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :**

**ੲ) ਪ੍ਰਸ਼ਨ - ਉੱਤਰ :**

**ਪ੍ਰ1. ਮੂਰਖ ਦੋਸਤ ਅਨੁਸਾਰ ਦਰੱਖ਼ਤਾਂ ਦੀ ਛਾਂ ਕਿੰਨ੍ਹਾਂ ਨਾਲ ਹੁੰਦੀ ਹੈ?**
ਉ. ਮੂਰਖ ਦੋਸਤ ਅਨੁਸਾਰ ਦਰੱਖ਼ਤਾਂ ਦੀ ਛਾਂ ਪੱਤਿਆਂ ਨਾਲ ਹੁੰਦੀ ਹੈ।

**ਪ੍ਰ2. ਦਰੱਖ਼ਤ ਦੇ ਟਾਹਣੇ-ਟਾਹਣੀਆਂ ਕਿਸ ਦੇ ਸਹਾਰੇ ਟਿਕੇ ਹੋਏ ਹਨ?**
ਉ. ਦਰੱਖ਼ਤ ਦੇ ਟਾਹਣੇ-ਟਾਹਣੀਆਂ ਦਰੱਖ਼ਤਾਂ ਦੇ ਤਣਿਆਂ ਸਹਾਰੇ ਟਿਕੇ ਹੋਏ ਹਨ।

**ਪ੍ਰ3. ਦਰੱਖ਼ਤ ਕਿਸ ਦੇ ਸਹਾਰੇ ਖੜ੍ਹੇ ਰਹਿ ਸਕਦੇ ਹਨ?**
ਉ. ਦਰੱਖ਼ਤ ਜੜ੍ਹਾਂ ਦੇ ਸਹਾਰੇ ਖੜ੍ਹੇ ਰਹਿ ਸਕਦੇ ਹਨ।

**ਪ੍ਰ4. ਜੜ੍ਹਾਂ ਕਿਸ ਦੇ ਸਹਾਰੇ ਵੱਧਦੀਆਂ-ਫੁੱਲਦੀਆਂ ਹਨ?**
ਉ. ਜੜ੍ਹਾਂ ਪਾਣੀ, ਹਵਾ, ਧੁੱਪ ਆਦਿ ਦੇ ਸਹਾਰੇ ਵਧਦੀਆਂ ਫੁੱਲਦੀਆਂ ਹਨ।

**ਪ੍ਰ5. ਇਸ ਪਾਠ ਤੋਂ ਕੀ ਸਿੱਖਿਆ ਮਿਲਦੀ ਹੈ?**
ਉ. ਇਸ ਪਾਠ ਤੋਂ ਸਿੱਖਿਆ ਮਿਲਦੀ ਹੈ ਕਿ ਹਮੇਸ਼ਾ ਇੱਕ ਦੂਜੇ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ।

**ਸ) ਪ੍ਰਸ਼ਨ - ਉੱਤਰ :**

**ਪ੍ਰ1. ਦੋਵੇਂ ਦੋਸਤ ਸ਼ਹਿਰ ਨੂੰ ਕੀ ਕਰਨ ਜਾ ਰਹੇ ਸਨ ਤੇ ਉਸ ਦਿਨ ਕਿਹੋ ਜਿਹਾ ਮੌਸਮ ਸੀ?**
ਉ. ਦੋਵੇਂ ਦੋਸਤ ਸ਼ਹਿਰ ਨੂੰ ਕੰਮ ਦੀ ਭਾਲ਼ ਵਿੱਚ ਜਾ ਰਹੇ ਸਨ, ਉਸ ਦਿਨ ਬਹੁਤ ਜ਼ਿਆਦਾ ਗਰਮੀ ਸੀ।

**ਪ੍ਰ2. ਸਿਆਣੇ ਦੋਸਤ ਤੇ ਮੂਰਖ ਦੋਸਤ ਵਿਚਕਾਰ ਦਰੱਖ਼ਤਾਂ ਦੇ ਹਿੱਸਿਆਂ ਨੂੰ ਲੈ ਕੇ ਕੀ ਗੱਲ-ਬਾਤ ਹੁੰਦੀ ਹੈ?**
ਉ. ਸਿਆਣੇ ਦੋਸਤ ਤੇ ਮੂਰਖ ਦੋਸਤ ਵਿਚਕਾਰ ਦਰੱਖ਼ਤਾਂ ਦੇ ਪੱਤਿਆਂ, ਟਾਹਣੀਆਂ, ਤਣਿਆਂ ਤੇ ਜੜ੍ਹਾਂ ਆਦਿ ਦੇ ਹਿੱਸਿਆ ਨੂੰ ਲੈ ਕੇ ਗੱਲ-ਬਾਤ ਹੁੰਦੀ ਹੈ।

**ਪ੍ਰ3. 'ਇੱਕ ਇਕੱਲਾ, ਦੋ ਗਿਆਰਾਂ' ਦਾ ਕੀ ਅਰਥ ਹੈ?**
ਉ. 'ਇੱਕ ਇਕੱਲਾ ਦੋ ਗਿਆਰਾਂ' ਦਾ ਅਰਥ ਹੈ ਕਿ ਇਕੱਲਾ ਬੰਦਾ ਕੁਝ ਨਹੀਂ ਕਰ ਸਕਦਾ, ਮਿਲ ਕੇ ਹੀ ਸਾਰੇ ਕੰਮ ਕੀਤੇ ਜਾ ਸਕਦੇ ਹਨ।

**ਅਭਿਆਸ : (ਪੰਨਾ ਨੰ. : 95-98)**

**ਅ.ਬਹੁ-ਵਿਕਲਪੀ ਪ੍ਰਸ਼ਨ** :1) ਕੰਮ ਦੀ ਭਾਲ਼ ਵਿੱਚ 2) ਦਰੱਖ਼ਤਾਂ ਦੇ ਝੁੰਡ ਥੱਲੇ 3) ਹਵਾ, ਪਾਣੀ, ਧੁੱਪ 4) ਜੜ੍ਹਾਂ ਦੇ 5) ਘਰ ਦੇ ਜੀਆਂ ਨੂੰ

**ੲ. ਖ਼ਾਲੀ ਥਾਵਾਂ ਭਰੋ** : 1) ਤਿੱਖੜ 2) ਝੁੰਡ 3) ਜੜ੍ਹਾਂ 4) ਖ਼ੁਰਾਕ 5) ਜੀਆਂ

**ਕ. ਕਿਸ ਨੇ ਕਿਸ ਨੂੰ ਕਹੇ :** 1) ਸਿਆਣੇ ਦੋਸਤ ਨੇ, ਮੂਰਖ ਦੋਸਤ ਨੂੰ। 2) ਮੂਰਖ ਦੋਸਤ ਨੇ, ਸਿਆਣੇ ਦੋਸਤ ਨੂੰ। 3) ਮੂਰਖ ਦੋਸਤ ਨੇ, ਸਿਆਣੇ ਦੋਸਤ ਨੂੰ।

ਵਿਆਕਰਨ :

ਮੁਹਾਵਰਿਆਂ ਦੇ ਅਰਥ ਲਿਖੋ:

1. ਸੁੱਖ ਦੀ ਨੀਂਦ ਸੌਣਾ- ਬੇਫ਼ਿਕਰ ਹੋ ਜਾਣਾ
2. ਦਿਲ 'ਤੇ ਲਾਉਣਾ- ਜ਼ਿਆਦਾ ਮਹਿਸੂਸ ਕਰਨਾ
3. ਘੋੜੇ ਵੇਚ ਕੇ ਸੌਣਾ- ਬੇਫ਼ਿਕਰ ਹੋ ਜਾਣਾ
4. ਹੰਭ ਜਾਣਾ - ਥੱਕ ਜਾਣਾ
5. ਟੱਕਰਾਂ ਮਾਰਨੀਆਂ - ਭਟਕਦੇ ਫਿਰਨਾ
6. ਹਰਾ-ਭਰਾ ਹੋਣਾ- ਸਾਰੇ ਪਾਸੇ ਹਰਿਆਲੀ ਹੋਣਾ
7. ਉੱਨੀ-ਇੱਕੀ ਦਾ ਫ਼ਰਕ - ਬਹੁਤ ਘੱਟ ਅੰਤਰ
8. ਅੱਗ ਵਰ੍ਹਨੀ- ਬਹੁਤ ਜ਼ਿਆਦਾ ਗਰਮੀ
9. ਅੱਖਾਂ ਦਾ ਤਾਰਾ- ਬਹੁਤ ਪਿਆਰਾ

**ਤੁਹਾਡੀ ਕਲਮ ਤੋਂ :** ਆਪਣੇ ਆਪ ਕਰੋ।

# ਪਾਠ - 15 : ਅਜ਼ਾਦੀ ਦਿਵਸ ਤੇ ਲਾਲ ਕਿਲ੍ਹਾ

**ਨਵੇਂ ਸ਼ਬਦ :**

| | | | | |
|---|---|---|---|---|
| 1. ਜ਼ਿੰਦਗੀ | 2. ਅਜ਼ਾਦ | 3. ਫਾਂਸੀਆਂ | 4. ਤਿਰੰਗਾ | 5. ਦੇਸ਼-ਵਾਸੀ |
| 6. ਦੀਵਾਰਾਂ | 7. ਯਾਦਗਾਰੀ | 8. ਬਾਦਸ਼ਾਹ | 9. ਮਸ਼ਹੂਰ | 10. ਦਰਵਾਜ਼ਾ |
| 11. ਜਲੌਅ | 12. ਤਸੀਹੇ | 13. ਵਿਰਸਾ | 14. ਮਸਜਿਦ | 15. ਦੁਆਰ |

**ਸ਼ਬਦ - ਅਰਥ**

| | | |
|---|---|---|
| 1. ਗ਼ੁਲਾਮੀ = ਅਧੀਨਗੀ | 2. ਜਲੌਅ = ਨੂਰ | 3. ਸਮਾਰਕ = ਯਾਦਗਾਰੀ ਥਾਂ |
| 4. ਅਹਿਮ = ਜ਼ਰੂਰੀ | 5. ਵਿਰਸਾ = ਧਰੋਹਰ | |

**ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :**

**ੲ) ਪ੍ਰਸ਼ਨ - ਉੱਤਰ :**

**ਪ੍ਰ1. ਦੇਸ਼ ਨੂੰ ਅਜ਼ਾਦੀ ਕਿਵੇਂ ਮਿਲੀ ਸੀ?**
ਉ. ਦੇਸ਼ ਨੂੰ ਅਜ਼ਾਦੀ ਕੁਰਬਾਨੀਆਂ ਦੇ ਕੇ ਮਿਲੀ ਸੀ।

**ਪ੍ਰ2. ਲਾਲ ਕਿਲ੍ਹੇ ਨੂੰ ਲਾਲ ਕਿਲ੍ਹਾ ਕਿਉਂ ਆਖਦੇ ਹਨ?**
ਉ. ਲਾਲ ਪੱਥਰ ਦਾ ਬਣਿਆ ਹੋਣ ਕਰਕੇ ਇਸਨੂੰ ਲਾਲ ਕਿਲ੍ਹਾ ਕਹਿੰਦੇ ਹਨ।

**ਪ੍ਰ3. ਲਾਲ ਕਿਲ੍ਹਾ ਕਿਸ ਮੁਗ਼ਲ ਬਾਦਸ਼ਾਹ ਨੇ ਬਣਵਾਇਆ ਸੀ ?**
ਉ. ਲਾਲ ਕਿਲ੍ਹਾ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਬਣਵਾਇਆ ਸੀ।

**ਪ੍ਰ4. ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਕੌਣ ਸਨ?**
ਉ. ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਨ।

**ਪ੍ਰ5. ਲਾਲ ਕਿਲ੍ਹੇ ਦੇ ਦੋ ਦਰਵਾਜ਼ਿਆਂ ਦੇ ਨਾਂ ਕੀ - ਕੀ ਹਨ?**
ਉ. ਲਾਲ ਕਿਲ੍ਹੇ ਦੇ ਦੋ ਦਰਵਾਜ਼ੇ ਹਨ 'ਦਿੱਲੀ ਦਰਵਾਜ਼ਾ ਤੇ 'ਲਾਹੌਰੀ ਦਰਵਾਜ਼ਾ।

**ਸ) ਪ੍ਰਸ਼ਨ - ਉੱਤਰ :**

**ਪ੍ਰ1. ਅਜ਼ਾਦੀ ਦੇ ਦਿਨ ਦਾ ਸਾਡੀ ਜ਼ਿੰਦਗੀ ਵਿੱਚ ਕੀ ਮਹੱਤਵ ਹੈ?**
ਉ. ਇਸ ਦਿਨ ਹਰ ਦੇਸ਼ਵਾਸੀ ਗਰਵ ਮਹਿਸੂਸ ਕਰਦਾ ਹੈ।

**ਪ੍ਰ2. ਲਾਲ ਕਿਲ੍ਹੇ 'ਤੇ ਤਿਰੰਗਾ ਕਦੋਂ ਤੇ ਕੌਣ ਲਹਿਰਾਉਂਦਾ ਹੈ? ਉਸ ਵੇਲੇ ਕਿਹੋ ਜਿਹਾ ਮਾਹੌਲ ਬਣ ਜਾਂਦਾ ਹੈ?**
ਉ. ਲਾਲ ਕਿਲੇ ਤੇ ਤਿਰੰਗਾ 15 ਅਗਸਤ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਲਹਿਰਾਉਂਦੇ ਹਨ।ਉਸ ਵੇਲੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਗੂੰਜਣ ਲੱਗ ਜਾਂਦੇ ਹਨ।

**ਪ੍ਰ3. ਲਾਲ ਕਿਲ੍ਹਾ ਕਿਸ ਨੇ ਤੇ ਕਿਉਂ ਬਣਵਾਇਆ ਸੀ?**
ਉ. ਲਾਲ ਕਿਲ੍ਹਾ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਬਣਵਾਇਆ ਸੀ ਕਿਉਕਿ ਉਸ ਨੂੰ ਸੁੰਦਰ ਇਮਾਰਤਾਂ ਬਣਾਉਣ ਦਾ ਬੜਾ ਸ਼ੌਕ ਸੀ।

**ਪ੍ਰ4. ਲਾਲ ਕਿਲ੍ਹੇ ਬਾਰੇ ਸੰਖੇਪ ਵਿੱਚ ਲਿਖੋ।**
ਉ. ਲਾਲ ਕਿਲ੍ਹਾ ਲਾਲ ਪੱਥਰ ਦਾ ਬਣਿਆ ਹੋਇਆ ਹੈ। ਇਸ ਦੀਆਂ ਦੀਵਾਰਾਂ ਬਹੁਤ ਚੌੜੀਆਂ ਹਨ।ਇਹ ਜਮਨਾ ਨਦੀ ਦੇ ਕੰਢੇ ਬਣਿਆ ਹੋਇਆ ਹੈ। ਕਿਲ੍ਹੇ ਦੇ ਸਾਹਮਣੇ ਜਾਮਾ ਮਸਜਿਦ ਹੈ।

**ਅਭਿਆਸ : (ਪੰਨਾ ਨੰ. : 102 - 105)**

**ਅ. ਬਹੁ-ਵਿਕਲਪੀ ਪ੍ਰਸ਼ਨ** : 1) ਭਾਰਤ ਅਜ਼ਾਦ ਹੋਇਆ ਸੀ 2) ਪ੍ਰਧਾਨ ਮੰਤਰੀ ਜੀ 3) ਲਾਲ 4) ਇਤਿਹਾਸਕ ਸਥਾਨ 5) ਜਮਨਾ

**ਹ. ਖ਼ਾਲੀ ਥਾਵਾਂ ਭਰੋ** : 1) ਗ਼ੁਲਾਮੀ 2) ਲਹੂਆਂ 3) ਲਾਲ ਕਿਲ੍ਹੇ 4) ਰਾਜਧਾਨੀ 5) ਮੀਨਾ ਬਜ਼ਾਰ

ਕ. ਸਹੀ / ਗ਼ਲਤ : 1) ✓ 2) ✓ 3) × 4) × 5) ×

ਸ਼ਬਦਾਂ ਨਾਲ਼ ਖੇਡੋ : ਸ਼ਬਦਾਂ ਦੇ ਅਰਥਾਂ ਵਿੱਚੋਂ ਭਿੰਨ ਸ਼ਬਦ ਦੁਆਲੇ ਗੋਲਾ ਲਗਾਉ:

1) ਖੁਸ਼ਾਮਦ 2) ਮੌਜ-ਮਸਤੀ 3) ਸਮਾਰੋਹ 4) ਆਮ 5) ਮਾਣ 6) ਬੰਗਲਾ

ਵਿਆਕਰਨ :

ਵਾਕਾਂ ਵਿਚਲੀਆਂ ਕਿਰਿਆਵਾਂ ਦੁਆਲੇ ਗੋਲਾ ਲਗਾਉ:

1) ਅਮਰਜੀਤ ਦਿੱਲੀ ਗਿਆ । 2) ਨਵਦੀਪ ਪੜ੍ਹ ਰਹੀ ਹੈ। 3) ਬੱਚੇ ਹੱਸਦੇ ਹਨ।

4) ਅਮਨ ਕਵਿਤਾ ਲਿਖਦਾ ਹੈ। 5) ਪ੍ਰਧਾਨ ਮੰਤਰੀ ਨੇ ਪੰਦਰਾਂ ਅਗਸਤ ਨੂੰ ਝੰਡਾ ਲਹਿਰਾਇਆ।

6) ਸੀਮਾ ਗੀਤ ਗਾਉਂਦੀ ਹੈ। 7) ਮੁੰਡਾ ਲਾਲ ਕਿਲ੍ਹੇ ਦਾ ਚਿੱਤਰ ਬਣਾ ਰਿਹਾ ਸੀ

8) ਕੁੜੀ ਗਾਣਾ ਗਾ ਰਹੀ ਸੀ।

# ਪਾਠ – 17 : ਮੂਰਖ ਮਿੱਤਰ

## ਨਵੇਂ ਸ਼ਬਦ :

| | | | | |
|---|---|---|---|---|
| 1. ਬਾਂਦਰ | 2. ਜਾਮਣ | 3. ਸੁਆਦ | 4. ਮਗਰਮੱਛ | 5. ਭਰਜਾਈ |
| 6. ਦੋਸਤ | 7. ਦਰੱਖ਼ਤ | 8. ਥੋੜ੍ਹੀ | 9. ਤਿਆਰ | 10. ਦਫ਼ਾ |
| 11. ਸੁੱਟਦਾ | 12. ਜ਼ਿਆਦਾ | 13. ਮਿੱਠਾ | 14. ਘਬਰਾਉਣ | 15. ਛਾਲ਼ |

## ਸ਼ਬਦ – ਅਰਥ

1. ਦੋਸਤ = ਮਿੱਤਰ 2. ਦੁਸ਼ਮਣ = ਵੈਰੀ 3) ਸੁਆਰਥੀ = ਮਤਲਬੀ 4. ਉਡੀਕ = ਇੰਤਜ਼ਾਰ

5. ਯਕੀਨ = ਭਰੋਸਾ

## ਪਾਠ ਵਿੱਚੋਂ 5 ਸ਼ਬਦ ਚੁਣ ਕੇ ਵਾਕ ਬਣਾਉ :

## ੲ) ਪ੍ਰਸ਼ਨ – ਉੱਤਰ :

**ਪ੍ਰ1. ਨਦੀ ਦੇ ਕੰਢੇ ਤੇ ਕਾਹਦਾ ਰੁੱਖ ਸੀ?**

ਉ. ਨਦੀ ਦੇ ਕਿਨਾਰੇ ਜਾਮਣ ਦਾ ਰੁੱਖ ਸੀ।

**ਪ੍ਰ2. ਜਾਮਣ ਖਾ ਕੇ ਮਗਰਮੱਛ 'ਤੇ ਕੀ ਅਸਰ ਹੋਇਆ?**

ਉ. ਜਾਮਣ ਖਾ ਕੇ ਮਗਰਮੱਛ ਨੂੰ ਮਜ਼ਾ ਆ ਗਿਆ।

**ਪ੍ਰ3. ਮਗਰਮੱਛਣੀ ਨੇ ਮਗਰਮੱਛ ਨੂੰ ਕੀ ਲਿਆ ਕੇ ਦੇਣ ਲਈ ਕਿਹਾ?**

ਉ. ਮਗਰਮੱਛਣੀ ਨੇ ਮਗਰਮੱਛ ਨੂੰ ਬਾਂਦਰ ਦਾ ਦਿਲ ਲਿਆ ਕੇ ਦੇਣ ਲਈ ਕਿਹਾ।

**ਪ੍ਰ4. ਬਾਂਦਰ ਨੇ ਮਗਰਮੱਛ ਨੂੰ ਕੀ ਕਹਿ ਕੇ ਪਿੱਛੇ ਨੂੰ ਮੋੜਿਆ?**

ਉ. ਬਾਂਦਰ ਨੇ ਮਗਰਮੱਛ ਨੂੰ ਦਿਲ, ਦਰੱਖ਼ਤ ਤੇ ਰਹਿ ਜਾਣ ਕਰਕੇ ਪਿੱਛੇ ਨੂੰ ਮੋੜਿਆ।

**ਪ੍ਰ5. ਬਾਂਦਰ ਮਗਰਮੱਛ ਨੂੰ ਕੀ ਲਾਹਨਤਾਂ ਪਾਉਂਦਾ ਹੈ?**

ਉ. ਬਾਂਦਰ ਮਗਰਮੱਛ ਨੂੰ ਸੁਆਰਥੀ ਕਹਿ ਕੇ ਲਾਹਨਤਾਂ ਪਾਉਂਦਾ ਹੈ।

## ਸ) ਪ੍ਰਸ਼ਨ – ਉੱਤਰ :

**ਪ੍ਰ1. ਮਗਰਮੱਛ ਤੇ ਮਗਰਮੱਛਣੀ ਦੀ ਗੱਲ-ਬਾਤ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

ਉ. ਮਗਰਮੱਛਣੀ ਨੇ ਕਿਹਾ ਕਿ ਮਿੱਠੇ ਜਾਮਣ ਖਾਣ ਵਾਲੇ ਬਾਂਦਰ ਦਾ ਦਿਲ ਮਿੱਠਾ ਹੋਵੇਗਾ।ਮੈਨੂੰ ਉਸ ਦਾ ਦਿਲ ਲਿਆ ਕੇ ਖੁਆਉ।

**ਪ੍ਰ2. ਬਾਂਦਰ ਤੇ ਮਗਰਮੱਛ ਦੇ ਦਿਲ ਨੂੰ ਲੈ ਕੇ ਹੋਈ ਗੱਲ-ਬਾਤ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।**

ਉ. ਮਗਰਮੱਛ ਨੇ ਬਾਂਦਰ ਨੂੰ ਉਸ ਦਾ ਦਿਲ ਮਗਰਮੱਛਣੀ ਨੂੰ ਖੁਆਉਣ ਬਾਰੇ ਕਿਹਾ।

ਪ੍ਰ3. ਬਾਂਦਰ ਨੇ ਮਗਰਮੱਛ ਨੂੰ ਮੂਰਖ ਕਿਵੇਂ ਬਣਾਇਆ?
ਉ. ਬਾਂਦਰ ਨੇ ਆਪਣਾ ਦਿਲ, ਦਰੱਖ਼ਤ ਤੇ ਰਹਿ ਜਾਣ ਬਾਰੇ ਕਹਿ ਕੇ ਉਸ ਨੂੰ ਮੂਰਖ ਬਣਾਇਆ।

**ਅਭਿਆਸ : (ਪੰਨਾ ਨੰ. : 117 - 120)**

**ਅ. ਬਹੁ-ਵਿਕਲਪੀ ਪ੍ਰਸ਼ਨ** : 1) ਰਸੇ-ਰਸੇ 2) ਦਿਲ 3) ਨਹੀਂ 4) ਮੂਰਖ 5) ਸੁਆਰਥੀ

**ਹ. ਹੇਠ ਲਿਖੇ ਵਾਕ ਕਿਸਨੇ, ਕਿਸਨੂੰ ਕਹੇ :** 1) ਮਗਰਮੱਛਣੀ ਨੇ, ਮਗਰਮੱਛ ਨੂੰ। 2) ਮਗਰਮੱਛ ਨੇ, ਮਗਰਮੱਛਣੀ ਨੂੰ। 3) ਬਾਂਦਰ ਨੇ, ਮਗਰਮੱਛ ਨੂੰ। 4) ਮਗਰਮੱਛ ਨੇ, ਬਾਂਦਰ ਨੂੰ।

**ਸ਼ਬਦਾਂ ਨਾਲ਼ ਖੇਡੋ** : ਆਪਣੇ - ਆਪ ਕਰੋ।

**ਵਿਆਕਰਨ :**

**ੳ. ✓** : 1) ਰੁੱਖਾ 2) ਬਾਂਦਰੀ 3) ਦੁਸ਼ਮਣ 4) ਔਖਾ 5) ਬੇਇੱਜ਼ਤੀ

**ਅ. ਵਾਕਾਂ ਦੀ ਲਿੰਗ-ਬਦਲੀ ਕਰੋ ਤੇ ਲਿਖੋ :** 1) ਬਾਂਦਰੀ ਛਾਲ਼ਾਂ ਮਾਰ ਰਹੀ ਸੀ। 2) ਘੋੜੀ ਭਾਰ ਢੋਂਦੀ ਹੈ। 3) ਬੱਚੀ ਊਠਣੀ 'ਤੇ ਬੈਠੀ ਹੈ। 4) ਖੋਤੀ ਹਿਣਕਦੀ ਹੈ। 5) ਉਸ ਦੀ ਸਹੇਲੀ ਆਈ ਹੈ। 6) ਸ਼ਿੰਘਣੀ ਰੋਟੀ ਖਾਂਦੀ ਹੈ।

**ਤੁਹਾਡੀ ਕਲਮ ਤੋ** : ਆਪਣੇ - ਆਪ ਕਰੋ।

## ਕਹਾਣੀ - ਕਰ ਭਲਾ ਹੋ ਭਲਾ

ਇੱਕ ਦਿਨ ਇੱਕ ਸ਼ੇਰ ਇੱਕ ਦਰਖ਼ਤ ਥੱਲੇ ਸੁੱਤਾ ਪਿਆ ਸੀ। ਉੱਥੇ ਦਰਖ਼ਤ ਦੇ ਥੱਲੋਂ ਚੂਹੀ ਆਪਣੀ ਖੁੱਡ ਵਿੱਚੋਂ ਬਾਹਰ ਨਿਕਲੀ ਤੇ ਸ਼ੇਰ ਦੇ ਢਿੱਡ ਉੱਤੇ ਉਛਲਣ ਲੱਗੀ। ਸ਼ੇਰ ਨੂੰ ਬਹੁਤ ਗੁੱਸਾ ਆਇਆ। ਸ਼ੇਰ ਚੂਹੀ ਨੂੰ ਪੰਜਿਆਂ ਵਿੱਚ ਫੜ ਕੇ ਮਾਰਨ ਲੱਗਾ। ਚੂਹੀ ਨੇ ਸ਼ੇਰ ਦੀਆਂ ਮਿੰਨਤਾਂ ਤਰਲੇ ਕਰਦੇ ਕਿਹਾ, "ਮੈਨੂੰ ਛੱਡ ਦਿਓ। ਮੈਂ ਤੁਹਾਡੇ ਕੰਮ ਆ ਸਕਦੀ ਹਾਂ"। ਸ਼ੇਰ ਨੇ ਚੂਹੀ ਨੂੰ ਛੱਡ ਦਿੱਤਾ। ਕੁਝ ਦਿਨਾਂ ਪਿੱਛੋਂ ਜੰਗਲ ਵਿੱਚ ਸ਼ਿਕਾਰੀ ਜਾਨਵਰਾਂ ਨੂੰ ਫੜਨ ਲਈ ਆਇਆ। ਸ਼ੇਰ ਉਸ ਦੇ ਜਾਲ ਵਿੱਚ ਫਸ ਕੇ ਉੱਚੀ - ਉੱਚੀ ਰੌਲਾ ਪਾਉਣ ਲੱਗਾ। ਚੂਹੀ ਰੌਲਾ ਸੁਣ ਕੇ ਦੌੜੀ - ਦੌੜੀ ਆਈ।ਉਸਨੇ ਆਪਣੇ ਤਿੱਖੇ ਦੰਦਾਂ ਨਾਲ ਜਾਲ ਨੂੰ ਕੱਟ ਦਿੱਤਾ ਤੇ ਸ਼ੇਰ ਅਜ਼ਾਦ ਹੋ ਗਿਆ।

ਸਿੱਖਿਆ-ਕਰ ਭਲਾ ਹੋ ਭਲਾ।